# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ/ਬਾਰ੍ਹਵੀਂ ਪ੍ਰੀਖਿਆ (ਸਮੇਤ ਓਪਨ ਸਕੂਲ) ਮਾਰਚ 2013 ਵਿੱਚ ਜਿਹੜੇ ਉਮੀਦਵਾਰਾਂ ਨੇ ਸਮੈਸਟਰ ਸਿਸਟਮ ਅਧੀਨ ਫੇਲ੍ਹ/ਕੰਪਾਰਟਮੈਂਟ/ਰੀ-ਅਪੀਅਰ ਕੈਟਾਗਰੀ ਜਾਂ ਰੀ-ਅਪੀਅਰ ਓਪਨ ਸਕੂਲ (ਓਲਡ ਸਟਰੀਮ) ਵਿੱਚ ਅਪੀਅਰ ਹੋਣਾ ਸੀ ਜਾਂ ਦਸਵੀਂ ਪ੍ਰੀਖਿਆ ਪਾਸ ਕਰਨ ਉਪਰੰਤ ਜੋ ਉਮੀਦਵਾਰ ਵਾਧੂ ਵਿਸ਼ਾ/ਕਾਰਗੁਜਾਰੀ ਵਧਾਉਣ ਅਤੇ ਗੋਲਡਨ ਚਾਂਸ ਅਧੀਨ ਪ੍ਰੀਖਿਆ ਵਿੱਚ ਅਪੀਅਰ ਹੋਣਾ ਚਾਹੁੰਦੇ ਸਨ ਅਜਿਹੇ ਪ੍ਰੀਖਿਆਰਥੀਆਂ ਨੂੰ ਮਿਤੀ 21.1.2013 ਤੱਕ ਬਣਦੀ ਫੀਸ + ਲੇਟ ਫੀਸ ਨਾਲ ਫਾਰਮ ਜਮ੍ਹਾਂ ਕਰਵਾਉਣ ਦੀ ਆਗਿਆ ਦਿੱਤੀ ਗਈ ਸੀ। ਪ੍ਰੰਤੂ ਹੁਣ ਵੀ ਬਹੁਤ ਸਾਰੇ ਪ੍ਰੀਖਿਆਰਥੀ ਮੁੱਖ ਦਫਤਰ ਨਾਲ ਫਾਰਮ ਭਰਨ ਲਈ ਸੰਪਰਕ ਕਰ ਰਹੇ ਹਨ। ਅਜਿਹੇ ਪ੍ਰੀਖਿਆਰਥੀਆਂ ਦੀ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ 3000/- ਰੁ: ਲੇਟ ਫੀਸ + 2000/- ਦੇਰੀ ਦੀ ਮੁਆਫੀ ਦੀ ਫੀਸ + ਪ੍ਰੀਖਿਆ ਫੀਸ ਨਾਲ ਮਿਤੀ 31.1.2013 ਤੱਕ ਫਾਰਮ ਭਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਦੇਰੀ ਦੀ ਮੁਆਫੀ ਦਾ ਅਧਿਕਾਰ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਹੋਵੇਗਾ।

(ਡਾ. ਬਲਵਿੰਦਰ ਸਿੰਘ)

ਸਕੱਤਰ